# ਰਾਮ ਨਾਮ ਸੁਧਿ ਆਈ

ੴ ਸਤਿ ਗੁਰ ਪ੍ਰਸਾਦਿ ॥

## ਮਾਰੂ ਮਹਲਾ ੯ ॥

ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਦਾ ਉਚਾਰਣ ਕੀਤਾ ਹੋਇਆ ਮੰਗਲਾਚਰਣ, ਮੂਲ ਮੰਤਰ ਦਾ ਸੰਖਿਪਤ ਸਰੂਪ ਦਰਜ ਹੈ। ਇਹ ਮੌਜੂਦਾ ਸ਼ਬਦ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ, ਰਾਗ ਮਾਰੂ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੦੦੮ ਤੇ ਅੰਕਤ ਹੈ।

**ਹਰਿ ਕੋ ਨਾਮੁ ਸਦਾ ਸੁਖਦਾਈ॥**

**ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥੧॥ਰਹਾਉ॥**

-- ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਹਰੀ ਦਾ ਨਾਮ ਜਪਣਾ ਸਦਾ ਹੀ ਸੁਖ ਦਾਈ ਹੁੰਦਾ ਹੈ।

ਇਥੇ, ਮਹਾਰਾਜ ਨੇ 'ਹਰਿ' ਸ਼ਬਦ ਲਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਵਿਚ ਇਹ ਸ਼ਬਦ ਪਰਮਾਤਮਾ ਪ੍ਰਥਾਇੰ ਵਰਤਿਆ ਹੈ। ਪਰ ਜਿਵੇਂ ਗੁਰਬਾਣੀ ਵਿਚ ਇਹ ਤੱਥ ਉਜਾਗਰ ਹੈ ਕਿ ਇਹ ਸ਼ਬਦ ਗੁਰ-ਜੋਤਿ ਲਈ ਵੀ ਵਰਤਿਆ ਜਾਂਦਾ ਹੈ ਜੋ ਅਕਾਲ ਪੁਰਖ ਦਾ ਸਾਜਿਆ ਹੋਇਆ, ਉਸ ਦਾ ਹੀ ਦ੍ਰਿਸ਼ਟਮਾਨ ਸਰੂਪ ਹੈ, ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਅੰਕ ੧੪੦੯ ਤੇ ਸ੍ਰੀ ਗੁਰੂ ਅਰਜਨ ਸਾਹਿਬ ਲਈ 'ਹਰਿ' ਸ਼ਬਦ ਸਪੱਸ਼ਟ ਤੌਰ ਤੇ ਵਰਤਿਆ ਗਿਆ ਹੈ - 'ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥' ਗੁਰ-ਜੋਤਿ ਤਾਂ ਪਰਮਾਤਮਾ ਦਾ ਹੀ ਦ੍ਰਿਸ਼ਟਮਾਨ ਸਰੂਪ ਹੈ, ਇਹ ਤੱਥ ਅਗਲੀਆਂ ਪੰਕਤੀਆਂ ਵਿਚ ਵੀ ਉਜਾਗਰ ਹੋ ਰਿਹਾ ਹੈ। ਹੁਣ ਤਕ ਦੇ ਸ਼ਬਦਾਂ ਦੀ ਵਿਆਖਿਆ ਵਿਚ ਵੀ ਇਹ ਤੱਥ ਸਪੱਸ਼ਟ ਹੋ ਚੁਕਿਆ ਹੈ।

-- ਹਰੀ ਦਾ ਨਾਮ, ਜਿਸ ਨੂੰ ਸਿਮਰ ਕੇ, ਮੰਦ ਕਰਮੀ, ਅਜਾਮਲ ਦਾ ਉਧਾਰ ਹੋ ਗਿਆ ਅਤੇ ਗਨਿਕਾ ਨੇ ਵੀ ਪਰਮਗਤੀ ਪ੍ਰਾਪਤ ਕਰ ਲਈ।੧।ਰਹਾਉ।

ਉਸ ਹਰੀ ਦੇ ਨਾਮ ਦੇ ਸਿਮਰਨ ਨਾਲ, ਪਾਪੀਆਂ ਅਤੇ ਮੰਦ ਕਰਮੀਆਂ ਦਾ ਵੀ ਉਧਾਰ ਹੋ ਜਾਂਦਾ ਹੈ। ਗੁਰੂ ਸਾਹਿਬ ਨੇ, ਧਰਮ ਦੇ ਇਤਿਹਾਸ ਵਿਚੋਂ ਇਥੇ ਅਜਾਮਲ, ਗਨਿਕਾ ਅਤੇ ਦ੍ਰੋਪਦੀ ਦੇ ਉਧਾਰ ਦੀਆਂ ਕਥਾਵਾਂ ਦਾ ਹਵਾਲਾ ਦਿਤਾ ਹੈ, ਜਿਨ੍ਹਾਂ ਦਾ ਨਾਮ ਸਿਮਰਨ ਕਰਕੇ ਉਨ੍ਹਾਂ ਦਾ ਪਾਰ ਉਤਾਰਾ ਹੋ ਗਿਆ। ਸਿਮਰਣ ਦੀ ਬਰਕਤ ਸਦਕਾ ਉਨ੍ਹਾਂ ਦਾ ਮੰਦੇ ਕਰਮਾਂ ਤੋਂ ਛੁਟਕਾਰਾ ਹੋਇਆ।

ਅਜਾਮਲ ਇਕ ਮੰਦ ਕਰਮੀ ਸੀ ਜੋ ਕਿਸੇ ਵੇਸਵਾ ਦੇ ਮੋਹ ਜਾਲ ਵਿਚ ਫ਼ਸਿਆ ਹੋਇਆ ਸੀ ਤੇ ਉਹ ਦੋਵੇਂ, ਜੀਵਾਂ ਨੂੰ ਮਾਰ ਕੇ, ਉਨ੍ਹਾਂ ਦਾ ਮਾਸ ਖਾਂਦੇ ਸਨ। ਇਕ ਵੇਰ ਉਨ੍ਹਾਂ ਦੀ ਕੁਟੀਆ ਵਿਚ ਕੁਝ ਸਾਧੂ ਆਏ, ਜਿਨ੍ਹਾਂ ਦੀ, ਉਨ੍ਹਾਂ ਨੇ ਭੁਜੇ ਛੋਲੇ ਦੇ ਦਾਣਿਆਂ ਨਾਲ ਸੇਵਾ ਕੀਤੀ ਤੇ ਆਪਣੀਆਂ ਸਾਰੀਆਂ ਭੁਲਾਂ ਕਬੂਲ ਕਰ ਕੇ, ਕਲਿਆਣ ਦਾ ਮਾਰਗ ਪੁਛਿਆ, ਤਾਂ ਉਨ੍ਹਾਂ ਨੇ, ਅਜਾਮਲ ਨੂੰ ਆਪਣੇ ਅਗਲੇ ਜੰਮਣ ਵਾਲੇ ਪੁਤਰ ਦਾ ਨਾਂ, '**ਨਾਰਾਇਣ**' ਰਖਣ ਦਾ ਮਸ਼ਵਰਾ ਦਿਤਾ। ਅਜਾਮਲ ਨੇ ਅਜਿਹਾ ਹੀ ਕੀਤਾ। ਅੰਤ ਕਾਲ, ਜਦੋਂ ਜਮ ਲੈਣ ਆਏ ਤਾਂ ਪੁਤਰ ਨਾਰਾਇਣ ਨੂੰ ਪੁਕਾਰਦਿਆਂ ਪੁਕਾਰਦਿਆਂ, ਉਸ ਦੀ 'ਨਾਰਾਇਣ' ਪ੍ਰਭੂ ਨਾਲ ਸੁਰਤੀ ਜੁੜ

ਗਈ। ਫ਼ਲ ਸਰੂਪ, ਜਮਾਂ ਨੂੰ ਭਜਾ ਕੇ ਉਨ੍ਹਾਂ ਦੀ ਥਾਂ, ਰੱਬੀ ਦੂਤਾਂ ਨੇ ਲੈ ਲਈ ਤੇ ਉਸ ਦਾ ਉਧਾਰ ਹੋ ਗਿਆ। ਇਸ ਗਲ ਦੀ ਗਵਾਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਪੰਨਾ ੯੮੧ ਤੇ, ਇੰਞ ਭਰੀ ਹੈ – 'ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥ ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥' ਅਜਾਮਲ ਦੀ ਇਸ ਕਥਾ ਨੂੰ ਪੰਚਮ ਪਾਤਸ਼ਾਹ ਨੇ, ਪੰਨਾ ੧੧੯੨ ਤੇ, ਸਾਖੀ, ਭਾਵ, ਅਸਲ ਘਟਨਾ ਕਿਹਾ ਹੈ – 'ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥' ਇਨ੍ਹਾਂ ਸਭ ਪਰਮਾਣਾਂ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬਾਨ ਕਾਲਪਨਿਕ ਕਥਾਵਾਂ ਦਾ ਸਹਾਰਾ ਨਹੀਂ ਲੈ ਰਹੇ ਸਗੋਂ ਪੱਕੇ **ਅਧਿਕਾਰਤ ਤੌਰ ਤੇ authoritatively** ਇਹ ਸਪੱਸ਼ਟ ਕਰਦੇ ਹਨ ਕਿ ਇਹ ਸਾਰੇ ਪਾਤਰ ਇਤਿਹਾਸਕ ਹਨ ਤੇ ਇਨ੍ਹਾਂ ਸਭ ਦਾ ਨਾਮ ਸਿਮਰਨ ਅਤੇ ਭਗਤ ਜਨਾਂ ਦੀ ਸੰਗਤਿ ਕਰਨ ਕਰਕੇ ਪਾਰ ਉਤਾਰਾ ਹੋਇਆ। ਸ੍ਰੀ ਗੁਰੂ ਅਰਜਨ ਸਾਹਿਬ ਨੇ ਤਾਂ ਸ਼ਬਦ 'ਸਾਖੀ' ਹੀ ਵਰਤ ਲਿਆ ਜਿਸ ਦਾ ਅਰਥ ਹੈ '**ਸਚੀ ਘਟਨਾ**'। ਸੋ ਇਨ੍ਹਾਂ ਇਤਿਹਾਸਕ ਹਸਤੀਆਂ ਦੀਆਂ ਕਥਾਵਾਂ ਨੂੰ ਮਿਥਿਹਾਸ ਕਹਣਾ ਭਾਰੀ ਭੁਲ ਹੈ।

ਇਸੇ ਤਰ੍ਹਾਂ, ਗਨਿਕਾ ਵੀ ਮੰਦ ਕਰਮੀ ਵੇਸਵਾ ਸੀ। ਉਸ ਨੇ ਵੀ ਇਕ ਮਹਾਤਮਾ ਦੇ ਆਖੇ ਲਗ ਕੇ, ਇਕ ਤੋਤੇ ਨੂੰ ਰਾਮ ਰਾਮ.. ਦਾ ਜਾਪ ਜਪਾਇਆ ਸੀ। ਇਸ ਸਾਖੀ ਦਾ ਵਿਸਤਾਰ ਸਹਿਤ ਵਰਣਨ, ਭਾਈ ਗੁਰਦਾਸ ਜੀ ਦੀ ਇਕ ਪਉੜੀ 'ਇਤੁ ਭਰਵਾਸੈ ਰਹਣੁ ਕੁਢੰਗਾ' ਦੀ ਵਿਆਖਿਆ ਵਿਚ, ਪਿਛੇ, ਕੀਤਾ ਜਾ ਚੁਕਿਆ ਹੈ।

ਇਨ੍ਹਾਂ ਸਾਖੀਆਂ ਦਾ ਸਬਕ ਇਹ ਹੈ ਕਿ ਮਨੁਖ ਭਾਵੇਂ ਕਿੰਨਾ ਵੀ ਮੰਦ ਕਰਮੀ ਕਿਉਂ ਨਾ ਰਿਹਾ ਹੋਵੇ, **ਸਾਧੂ/ਭਗਤ ਦੀ ਸੇਵਾ** ਤੇ ਨਾਰਾਇਣ ਦੀ ਸੁਧ, **ਸਿਮਰਣ**, ਭਾਵ, ਹਿਰਦੇ ਤੋਂ ਨਿਕਲੀ ਯਾਦ, ਉਸ ਦੇ ਮੰਦੇ ਕਰਮਾਂ ਨੂੰ ਵੀ ਕਟ ਦਿੰਦੇ ਹਨ ਅਤੇ ਪਾਰ ਉਤਾਰਾ ਵੀ ਕਰ ਦਿੰਦੇ ਹਨ। **ਸਾਧੂ ਦੀ ਸੰਗਤਿ/ਸੇਵਾ, ਉਸ ਦੀ ਆਗਿਆ ਦਾ ਪਾਲਨ ਅਤੇ ਨਾਮ ਸਿਮਰਣ ਹੀ, ਗੁਰਬਾਣੀ ਅਨੁਸਾਰ ਅਸਲ ਧਰਮ ਹੈ**। ਅੰਤ ਕਾਲ ਵੇਲੇ ਕੀਤਾ ਨਾਮ ਸਿਮਰਣ ਵਿਸ਼ੇਸ਼ ਮਹੱਤਤਾ ਰਖਦਾ ਹੈ। ਭਗਤ ਤ੍ਰਿਲੋਚਨ ਜੀ ਦਾ, ਪੰਨਾ ੫੨੬ ਤੇ, ਫ਼ੁਰਮਾਣ ਹੈ – 'ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥'

**ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥**
**ਤਾ ਕਉ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥੧॥**

– – ਮਹਾਰਾਜ ਫ਼ੁਰਮਾਉਂਦੇ ਹਨ ਕਿ ਪੰਚਾਲੀ, ਭਾਵ, ਦ੍ਰੋਪਦੀ ਨੂੰ ਵੀ ਦੁਰਜੋਧਨ ਦੇ ਰਾਜ ਦਰਬਾਰ ਵਿਚ, ਬਸਤਰ-ਹਰਣ ਸਮੇਂ, ਆਪਣੀ ਪੱਤ ਬਚਾਉਣ ਲਈ, ਸਾਰੇ ਪਾਸਿਉਂ ਹਾਰ ਕੇ, ਅਖੀਰ, ਰਾਮ ਨਾਮ ਦਾ ਧਿਆਨ ਲਗ ਗਿਆ, ਉਸ ਰਾਮ ਨਾਮ ਦਾ ਧਿਆਨ ਜੋ ਉਸ ਵਕਤ ਸ੍ਰੀ ਕ੍ਰਿਸ਼ਨ ਜੀ ਦੇ ਸਰੂਪ ਵਿਚ ਇਸ ਧਰਤੀ ਤੇ ਬਿਰਾਜਮਾਨ ਸਨ।

ਦ੍ਰੋਪਦੀ ਦੀ ਸਾਖੀ ਆਮ, ਜਗ ਜ਼ਾਹਿਰ ਹੈ। ਇਹ ਪਾਂਡਵਾਂ ਦੀ ਪਤਨੀ ਸੀ, ਜਿਸ ਨੂੰ ਉਹ ਜੂਏ ਵਿਚ, ਹੋਏ ਛੱਲ ਕਾਰਣ, ਕੌਰਵਾਂ ਅਗੇ ਹਾਰ ਗਏ ਸਨ। ਵਡੇ ਕੌਰਵ, ਦੁਰਜੋਧਨ, ਦੇ ਹੁਕਮ ਤੇ ਉਸਦਾ ਛੋਟਾ ਭਰਾ ਦੁਸ਼ਾਸਨ, ਦ੍ਰੋਪਦੀ ਨੂੰ ਕੇਸਾਂ ਤੋਂ ਫੜ ਕੇ, ਘਸੀਟ ਕੇ ਰਾਜ ਸਭਾ ਵਿਚ ਲਿਆਇਆ ਅਤੇ ਉਸਦੇ ਵਸਤਰ ਹਰ ਕੇ ਉਸ ਨੂੰ ਨਗਨ ਕਰਣ ਲਗਾ। ਉਹ ਸਾਰੇ ਦਰਬਾਰੀਆਂ ਅਗੇ ਬਹੁਤ ਗਿੜਗੜਾਈ ਪਰ ਕਿਸੇ ਨੇ ਵੀ ਉਸ ਦੀ ਮਦਦ ਨਾ ਕੀਤੀ। ਹਾਰ

ਕੇ ਉਸਨੇ ਵਕਤ ਦੇ ਗੁਰ-ਜੋਤਿ, ਮਹਾਰਾਜ ਸ੍ਰੀ ਕ੍ਰਿਸ਼ਨ ਜੀ ਦਾ ਧਿਆਨ ਧਰਿਆ ਅਤੇ ਮਹਾਰਾਜ ਨੇ, ਆਪਣੀ ਲੀਲਾ ਵਰਤਾ ਦਿਤੀ, ਉਸਦੇ ਕਪੜੇ ਹੀ ਨਾ ਮੁਕਣ ਦਿਤੇ। ਇਸ ਤਰ੍ਹਾਂ ਉਸ ਦੀ ਲਾਜ ਰਖੀ। ਇਸ ਘਟਨਾ ਦੀ ਗਵਾਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਪੰਨਾ ੯੮੨ ਤੇ ਭਰੀ ਹੈ - 'ਰਾਮ ਕਰਿ ਕਿਰਪਾ ਲੇਹੁ ਉਬਾਰੇ॥ ਜਿਉ ਪਕਰਿ ਦ੍ਰੋਪਤੀ ਦੁਸਟਾ ਆਨੀ ਹਰਿ ਹਰਿ ਲਾਜ ਨਿਵਾਰੇ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੧੧੯੨ ਤੇ, ਇੰਵ ਫ਼ੁਰਮਾਣ ਕੀਤਾ ਹੈ - 'ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥' ਪੰਨਾ ੧੪੦੦ ਤੇ ਵੀ ਗੁਰਬਾਣੀ ਦਾ ਫ਼ੁਰਮਾਣ ਹੈ - 'ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥' ਇਸ ਤਰ੍ਹਾਂ ਗੁਰਬਾਣੀ ਵਿਚ ਸ੍ਰੀ ਕ੍ਰਿਸ਼ਨ ਜੀ ਨੂੰ ਹਰ ਥਾਂ ਤੇ 'ਹਰਿ, ਹਰਿ, ਪ੍ਰਭ ਜੀ, ਠਾਕੁਰ' ਆਦਿ ਕਿਹਾ ਗਿਆ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸ ਪੰਕਤੀ ਵਿਚ 'ਰਾਮ ਨਾਮ ਸੁਧਿ ਆਈ' ਲਿਖਿਆ ਹੈ ਜਦ ਕਿ ਉਸਨੇ ਸ੍ਰੀ ਕ੍ਰਿਸ਼ਨ ਜੀ ਨੂੰ ਧਿਆਇਆ ਸੀ। ਇਸ ਦਾ ਅਰਥ ਇਹ ਹੋਇਆ ਕਿ ਪਾਤਸ਼ਾਹ, ਸ੍ਰੀ ਕ੍ਰਿਸ਼ਨ ਜੀ ਦੇ ਨਾਮ ਧਿਆਉਣ ਨੂੰ, ਰਾਮ, ਪ੍ਰਭੂ ਦੇ ਨਾਮ ਧਿਆਉਣ ਦੇ ਤੁਲ ਹੀ ਮੰਨਦੇ ਹਨ। ਭਾਵ, ਪਰਮੇਸ਼ਰ ਦਾ ਨਾਮ ਧਿਆਉਣਾ ਤੇ ਗੁਰੂ ਪਾਤਸ਼ਾਹ (ਗੁਰ-ਜੋਤਿ) ਦਾ ਨਾਮ ਧਿਆਉਣਾ ਇਕ ਹੀ ਗਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਅਕਾਲ ਪੁਰਖ ਦੇ ਨਾਲ ਹੋਰ ਗੁਰੂ ਸਾਹਿਬਾਨ ਦਾ ਨਾਮ ਸਿਮਰਣ ਦਾ ਉਪਦੇਸ਼ ਦਿਤਾ ਹੈ - 'ਪ੍ਰਥਮਿ ਭਗਉਤੀ ਸਿਮਰਿ ਕੈ ਗੁਰੂ ਨਾਨਕ ਲਈ ਧਿਆਇ॥...' ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਗੁਰ-ਜੋਤਿ ਦੇ ਸਿਮਰਣ ਦੀ ਮਹੱਤਤਾ ਦਸੀ ਗਈ ਹੈ, ਜਿਵੇਂ - 'ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥', ਪੰਨਾ ੧੪੦੯.

-- ਸ਼ਬਦ ਦੀ ਅਗਲੀ ਪੰਕਤੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ੁਰਮਾਉਂਦੇ ਹਨ ਕਿ ਕਰੁਣਾ, ਭਾਵ, ਤਰਸ, ਦਇਆ ਦੇ ਸਰੂਪ ਨੇ ਉਸ (ਦ੍ਰੋਪਦੀ) ਦੇ ਦੁਖ ਦਾ ਖੰਡਨ ਕਰ ਕੇ ਆਪਣੇ ਨਾਂ ਦੀ ਲਾਜ ਰਖੀ, ਕਿਉਂਕਿ ਉਸ ਦਾ ਨਾਂ 'ਕਰੁਣਾ ਮੈ' ਜਾਂ '**ਤਰਸ ਦਾ ਘਰ**' ਹੈ।

**ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥**
**ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ॥੨॥੧॥**

-- ਜਿਸ ਮਨੁਖ ਨੇ ਵੀ ਉਸ ਕਿਰਪਾ ਦੇ ਖ਼ਜ਼ਾਨੇ ਦਾ ਜੱਸ ਗਾਇਆ ਹੈ, ਭਾਵ, ਸਿਮਰਨ ਕੀਤਾ ਹੈ, ਉਹ ਉਸ ਭਗਤ ਦਾ ਸਹਾਈ, ਮਦਦਗਾਰ ਹੋਇਆ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਸ ਨੇ ਵੀ ਪ੍ਰਭੂ ਦਾ ਨਾਮ ਜਪਿਆ ਹੈ, ਉਸ ਦੇ ਸਭ ਦੁਸ਼ਮਨ, ਵੈਰੀ, ਦੂਤਾਂ ਦਾ, ਪ੍ਰਭੂ ਨਾਸ ਕਰ ਦਿੰਦਾ ਹੈ, ਇਹ ਦੁਸ਼ਮਨ ਵਿਚਾਰੇ ਕੀ ਕਰ ਸਕਦੇ ਹਨ, ਪ੍ਰਭੂ ਦਾ ਵਡਾ ਪਰਤਾਪ ਹੈ - 'ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥ ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ॥', ਪੰਨਾ ੮੨੩.

-- ਨੌਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਮੈਂ ਵੀ ਹਰੀ ਪ੍ਰਭੂ ਦੇ ਇਸੇ ਭਰੋਸੇ ਤੇ ਉਸ ਦੀ ਸਰਣ ਪਕੜੀ ਹੈ, ਭਾਵ, ਉਸਦੇ ਨਾਮ ਦਾ ਸਿਮਰਣ ਕਰਦਾ ਹਾਂ ਕਿ ਉਹ ਸਦਾ ਭਗਤਾਂ ਦੀ ਪੈਜ ਰਖਦਾ ਹੈ, ਜਿਵੇਂ ਉਸ ਨੇ ਇਸ ਸ਼ਬਦ ਵਿਚ ਉਪਰ ਦਸੇ ਭਗਤ ਜਨਾਂ ਦਾ ਪਾਰ ਉਤਾਰਾ ਕੀਤਾ। ਇਥੇ ਨੋਟ ਕਰਨ ਵਾਲੀ ਗਲ ਹੈ ਕਿ ਜੇ ਇਹ ਮਿਥਿਹਾਸ ਦੇ ਹਵਾਲੇ ਹੁੰਦੇ ਤਾਂ ਗੁਰੂ

ਸਾਹਿਬ ਨੇ ਇਨ੍ਹਾਂ ਦੇ ਪਾਰ ਉਤਾਰੇ ਦੇ ਭਰੋਸੇ ਤੇ ਪ੍ਰਭੂ ਦੀ ਸਰਣ ਪਕੜਣ ਦੀ ਗਲ ਨਹੀਂ ਸੀ ਕਹਿਣੀ। ਮਿਥਿਹਾਸ ਦੇ ਭਰੋਸੇ ਤੇ ਕੌਣ ਰਹਿੰਦਾ ਹੈ !

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਪ੍ਰਭੂ ਹਰ ਸਮੇਂ ਤੇ ਆਪਣੇ ਭਗਤ ਪੈਦਾ ਕਰਦਾ ਹੈ ਅਤੇ ਫ਼ਿਰ ਉਨ੍ਹਾਂ ਦੀ ਪੈਜ, ਆਨ ਦੀ ਰਾਖੀ ਕਰਦਾ ਹੈ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥', ਪੰਨਾ ੪੫੧. ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੫੧ ਤੇ ਫ਼ੁਰਮਾਣ ਕਰਦੇ ਹਨ ਕਿ ਉਨ੍ਹਾਂ ਨੇ ਪ੍ਰਭੂ ਦੇ ਭਰੋਸੇ ਤੇ, ਪ੍ਰਭੂ ਨਾਲ ਪ੍ਰੇਮ ਕੀਤਾ ਹੈ - 'ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥' ਅਗੋਂ ਵੀ ਭਰੋਸਾ ਪਕਾ ਕਰਦੇ ਹਨ ਕਿ ਜੋ ਜੋ ਵੀ ਪ੍ਰਭੂ ਦੀ ਸ਼ਰਣ ਵਿਚ ਆ ਜਾਂਦਾ ਹੈ, ਉਸ ਉਸ ਨੂੰ ਹੀ ਪ੍ਰਭੂ ਤਾਰ ਲੈਂਦਾ ਹੈ - 'ਅਬ ਮੋਹਿ ਰਾਮ ਭਰੋਸਉ ਪਾਏ॥ ਜੋ ਜੋ ਸਰਣਿ ਪਰਿਓ ਕਰੁਣਾਨਿਧਿ ਤੇ ਤੇ ਭਵਹਿ ਤਰਾਏ॥', ਪੰਨਾ ੧੨੦੪.

ਭਾਵੇਂ ਕੁਝ ਵੀ ਹੋਵੇ, ਅਜ, ਗੁਰ-ਜੋਤਿ ਦਾ ਸਰੂਪ, ਗੁਰੂ ਨਾਨਕ ਹੀ ਹੈ। ਉਹੀ ਸਭ ਤੋਂ ਵਡਾ ਹੈ। ਦੂਜੇ ਨਾਨਕ, ਸ੍ਰੀ ਗੁਰੂ ਅੰਗਦ ਪਾਤਸ਼ਾਹ ਦਾ, ਪੰਨਾ ੧੫੦ ਤੇ, ਸਪੱਸ਼ਟ ਫ਼ੁਰਮਾਣ ਹੈ ਕਿ ਜਿਸ ਨੂੰ, ਰੱਬ ਰੂਪ, ਗੁਰੂ ਨਾਨਕ ਨੇ ਉਪਦੇਸ ਦੇ ਦਿਤਾ, ਉਸ ਨੂੰ ਹੋਰ ਕਿਸੇ ਦੀ ਲੋੜ ਨਹੀਂ ਰਹਿ ਜਾਂਦੀ - 'ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥' ਇਹੀ ਗੁਰੂ ਨਾਨਕ ਸਭ ਤੋਂ ਵਡਾ ਹੈ, ਜਿਸ ਨੇ ਕਲਿਜੁਗ ਵਿਚ ਪੈਜ ਰਖਣੀ ਹੈ। ਉਸ ਦੀ ਹੀ ਸ਼ਰਣ ਲੈਣੀ ਬਣਦੀ ਹੈ। ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ - 'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥', ਅੰਕ ੭੫੦

